ਡਾਇਰੈਕਟਰ ਜਨਰਲ ਸਕੂਲ ਸਿੱਖਿਆ, ਪੰਜਾਬ ਅਤੇ
**ਸਟੇਟ ਪ੍ਰੋਜੈਕਟ ਡਾਇਰੈਕਟਰ, ਸਰਵ ਸਿੱਖਿਆ ਅਭਿਆਨ ਅਥਾਰਟੀ,ਪੰਜਾਬ,**
**ਐਸ. ਸੀ. ਓ ਨੰ. 104-106, ਸੈਕਟਰ 34 ਏ, ਚੰਡੀਗੜ੍ਹ**

ਸੇਵਾ ਵਿਖੇ

1. ਰਾਜ ਦੇ ਸਮੂਹ ਜ਼ਿਲ੍ਹਾ ਸਿੱਖਿਆ ਅਫਸਰ (ਸੈ.ਸਿ.) ਅਤੇ (ਐ.ਸਿ.)

2. ਰਾਜ ਦੇ ਸਮੂਹ ਸਕੂਲਾਂ ਦੇ ਮੁੱਖੀ (ਬੈੱਵ ਸਾਈਟ ਰਾਹੀਂ)

ਮੀਮੋ ਨੰ ਸਸਅ/ਕੋਆਰਡੀਨੇਸ਼ਨ/09/81446
ਮਿਤੀ ਚੰਡੀਗੜ੍ਹ 29 ਦਸੰਬਰ, 2009

ਵਿਸ਼ਾ ਪੈਂਡਿੰਗ ਏ.ਸੀ.ਪੀ. ਕੇਸਾਂ ਬਾਰੇ ।

1.0 ਉਪਰੋਕਤ ਵਿਸ਼ੇ ਦੇ ਹਵਾਲੇ ਵਿੱਚ ।

2.0 ਜ਼ਿਲ੍ਹਾ ਸਿੱਖਿਆ ਅਫਸਰਾਂ ਦੀ ਮਹੀਨਾਵਾਰ ਮੀਟਿੰਗਾਂ ਦੌਰਾਨ ਉਪਰੋਕਤ ਵਿਸ਼ੇ ਨੂੰ ਵਿਚਾਰਣ ਉਪਰੰਤ ਇਹ ਗੱਲ ਸਾਹਮਣੇ ਆਈ ਹੈ ਕਿ ਸਬੰਧਤ ਸਕੂਲ ਮੁੱਖੀਆਂ ਵੱਲੋਂ ਜੋ ਸੂਚਨਾ ਮੁੱਖ ਦਫਤਰ ਨੂੰ ਦਿੱਤੀ ਜਾਂਦੀ ਹੈ ਉਹ ਸ਼ਾਇਦ ਠੀਕ ਨਹੀਂ ਹੈ ਜਦੋਂ ਕਿ ਵੱਖ-ਵੱਖ ਜ਼ਿਲ੍ਹਿਆਂ ਵਿੱਚ ਇਸ ਤੋਂ ਕਿਤੇ ਵੱਧ ਏ.ਸੀ.ਪੀ. ਦੇ ਕੇਸ ਪੈਂਡਿੰਗ ਪਏ ਹਨ ਜਿਸ ਕਰਕੇ ਬਹੁਤ ਸਾਰੇ ਅਧਿਆਪਕ ਜ਼ਿਲ੍ਹਾ ਸਿੱਖਿਆ ਦਫਤਰਾਂ ਦੇ ਚੱਕਰ ਲਗਾਉਂਦੇ ਰਹਿੰਦੇ ਹਨ ।

3.0 ਜ਼ਿਲ੍ਹਾ ਸਿੱਖਿਆ ਅਫਸਰਾਂ ਵੱਲੋਂ ਦਿੱਤੀ ਗਈ ਜਾਣਕਾਰੀ ਅਨੁਸਾਰ ਉਨ੍ਹਾਂ ਦੇ ਦਫਤਰਾਂ ਵਿੱਚ ਨਾਲ ਨੱਥੀ ਅਨੁਲੱਗ ਵਿੱਚ ਦਿੱਤੇ ਵੇਰਵੇ ਅਨੁਸਾਰ ਏ.ਸੀ.ਪੀ. ਦੇ ਕੇਸ ਲੰਬਤ ਪਏ ਹਨ ।

4.0 ਇਸ ਪੱਤਰ ਦੇ ਰਾਹੀਂ ਪੰਜਾਬ ਰਾਜ ਦੇ ਸਮੂਹ ਸਕੂਲਾਂ ਦੇ ਮੁੱਖੀਆਂ ਦੇ ਰਾਹੀਂ ਸਬੰਧਤ ਅਧਿਆਪਕਾਂ ਨੂੰ ਲਿਖਿਆ ਜਾਂਦਾ ਹੈ ਕਿ ਜੇਕਰ ਉਨ੍ਹਾਂ ਦੇ ਏ.ਸੀ.ਪੀ. ਦੇ ਕੇਸ ਨਿਯਮਾਂ ਅਨੁਸਾਰ ਠੀਕ ਬਣਦੇ ਹਨ ਅਤੇ ਉਹ ਬਿਨਾਂ ਵਜ੍ਹਾ ਕਿਸੇ ਦਫਤਰ ਵਿੱਚ ਲੰਬਤ ਹਨ ਤਾਂ ਉਸ ਦੀ ਸੂਚਨਾ ਇਸ ਦਫਤਰ ਵਿੱਚ ਟੈਲੀਫੋਨ ਨੰ 0172-6541673 ਤ ਨੋਟ ਕਰਵਾਈ ਜਾਵੇ ਜਾਂ ਈਮੇਲ ਰਾਹੀਂ complaintcellpunjab@yahoo.com ਤੇ ਭੇਜੀ ਜਾਵੇ ।

5.0 ਇੱਥੇ ਇਹ ਵੀ ਸਪਸ਼ਟ ਕੀਤਾ ਜਾਂਦਾ ਹੈ ਕਿ ਸਿਰਫ ਉਨ੍ਹਾਂ ਕੇਸਾਂ ਬਾਰੇ ਹੀ ਦੱਸਿਆ ਜਾਵੇ ਜੋ ਕਿ ਨਿਯਮਾਂ ਅਨੁਸਾਰ ਬਿਲਕੁਲ ਠੀਕ ਹਨ । ਜੇਕਰ ਕੋਈ ਕੇਸ ਨਿਯਮਾਂ ਅਨੁਸਾਰ ਠੀਕ ਨਹੀਂ ਹਨ ਤਾਂ ਉਨ੍ਹਾਂ ਬਾਰੇ ਸ਼ਿਕਾਇਤ ਨਾ ਕੀਤੀ ਜਾਵੇ ਜੀ ।

ਡਾਇਰੈਕਟਰ ਜਨਰਲ ਸਕੂਲ ਸਿੱਖਿਆ, ਪੰਜਾਬ

ਨੱਥੀ / ਅਨੁਲੱਗ-1

**ਵਿਸ਼ਾ : ਮਹੀਨਾ ਨਵੰਬਰ 2009 ਦੀ ਪੈਂਡਿੰਗ ਏ.ਸੀ.ਪੀ.(4-9-14) ਕੇਸਾਂ ਦੀ ਸੂਚਨਾ।**

| ਲੜੀ ਨੰ. | ਜਿਲ੍ਹਾ | ਜਿਲ੍ਹਾ ਸਿੱਖਿਆ ਅਫ਼ਸਰ(ਸੈ.ਸਿ.) | ਜਿਲ੍ਹਾ ਸਿੱਖਿਆ ਅਫ਼ਸਰ(ਐ.ਸਿ.) | ਕੁੱਲ ਗਿਣਤੀ |
|---|---|---|---|---|
| 1 | ਅਮ੍ਰਿਤਸਰ | 2 | 0 | 2 |
| 2 | ਬਠਿੰਡਾ | 10 | 5 | 15 |
| 3 | ਬਰਨਾਲਾ | 18 | 3 | 21 |
| 4 | ਫਰੀਦਕੋਟ | 0 | 22 | 22 |
| 5 | ਫਤਿਹਗੜ੍ਹ ਸਾਹਿਬ | 17 | 0 | 17 |
| 6 | ਫਿਰੋਜਪੁਰ | 17 | 31 | 48 |
| 7 | ਗੁਰਦਾਸਪੁਰ | 38 | 3 | 41 |
| 8 | ਹੁਸ਼ਿਆਰਪੁਰ | 311 | 0 | 311 |
| 9 | ਜਲੰਧਰ | 26 | | 26 |
| 10 | ਕਪੂਰਥਲਾ | 23 | 0 | 23 |
| 11 | ਲੁਧਿਆਣਾ | 56 | 25 | 81 |
| 12 | ਮਾਨਸਾ | 5 | 4 | 9 |
| 13 | ਮੋਗਾ | 4 | 0 | 4 |
| 14 | ਮੋਹਾਲੀ | 0 | 8 | 8 |
| 15 | ਮੁਕਤਸਰ | 24 | 2 | 26 |
| 16 | ਨਵਾਂ ਸ਼ਹਿਰ | 18 | 9 | 27 |
| 17 | ਪਟਿਆਲਾ | 83 | 85 | 168 |
| 18 | ਰੋਪੜ | 0 | 3 | 3 |
| 19 | ਸੰਗਰੂਰ | 0 | 3 | 3 |
| 20 | ਤਰਨਤਾਰਨ | 14 | 21 | 35 |
| | ਕੁੱਲ ਜੋੜ | 666 | 224 | 890 |